# ਦਫ਼ਤਰ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਲੋਕ ਨਿਰਮਾਣ ਵਿਭਾਗ,

ਭਵਨ ਤੇ ਮਾਰਗ ਸ਼ਾਖਾ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ:ਚਨਾਬ-ਜੇਹਲਮ, ਚੌਥੀ ਮੰਜ਼ਿਲ, ਮੋਗਾ।

ਵੱਲ,

ਪ੍ਰਿੰਸੀਪਲ,
ਅਕਾਲ ਅਕੈਡਮੀ,
ਬਾਕਰਕੇ, ਜ਼ਿਲ੍ਹਾ ਮੋਗਾ।

ਨੰਬਰ: 245-46 ਮਿਤੀ: 22.7.2021

ਵਿਸ਼ਾ:- ਇਮਾਰਤ ਸੁਰੱਖਿਅਤ ਹੋਣ ਸਬੰਧੀ ਸਰਟੀਫਿਕੇਟ ਬਾਬਤ ਸਾਲ 2021-2022
ਹਵਾਲਾ:- ਆਪ ਪੱਤਰ ਨੰਬਰ 242 ਮਿਤੀ 10.06.2021

ਉਪਰੋਕਤ ਬਿਲਡਿੰਗ ਦਾ ਨਿਰੀਖਣ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਕੀਤਾ ਗਿਆ ਅਤੇ ਇਹ ਬਿਲਡਿੰਗ 2021-22 ਲਈ ਸੁਰੱਖਿਅਤ ਪਾਈ ਗਈ ਹੈ। ਅੱਗੇ ਤੋਂ ਹੇਠ ਲਿਖੀਆਂ ਹਦਾਇਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ:-

1. ਬਿਲਡਿੰਗ ਦੇ ਆਲੇ-ਦੁਆਲੇ ਅਤੇ ਛੱਤਾਂ ਉਪਰ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ।
2. ਜੇਕਰ ਇਮਾਰਤ ਵਿੱਚ ਕਿਸੇ ਕਿਸਮ ਦੀ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਦੀ ਰਿਪੇਅਰ ਤੁਰੰਤ ਕਰਵਾਈ ਜਾਵੇ।
3. ਕਿਸੇ ਕਿਸਮ ਦੀ ਉਸਾਰੀ ਵਿੱਚ ਵਰਤੇ ਗਏ ਮਟੀਰੀਅਲ ਦੀ ਜ਼ੁੰਮੇਵਾਰੀ ਸਬੰਧਤ ਸਕੂਲ ਦੀ ਹੋਵੇਗੀ, ਆਪ ਵੱਲੋਂ ਨੱਥੀ ਕੀਤੇ ਨਕਸ਼ੇ ਤੋਂ ਇਲਾਵਾ ਜੇਕਰ ਆਪ ਵੱਲੋਂ ਵਾਧੂ ਉਸਾਰੀ ਕਰਨ ਹੋਵੇ ਤਾਂ ਉਸ ਦੀ ਮੰਨਜ਼ੂਰੀ ਇਸ ਮਹਿਕਮੇ ਤੋਂ ਲਈ ਜਾਵੇ।
4. ਡਾਇਰੈਕਟਰ ਜਰਨਲ ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਸਟੇਟ ਪ੍ਰੋਜੈਕਟ ਸਰਵ ਸਿੱਖਿਆ ਅਭਿਆਨ ਦੇ ਪੱਤਰ ਨੰਬਰ 75444 ਮਿਤੀ 06.11.2009 ਮੁਤਾਬਿਕ ਸਕੂਲ ਵਿੱਚ ਅੱਗ ਬੁਝਾਉਣ ਵਾਲੇ ਯੰਤਰ ਚਾਲੂ ਹਾਲਤ ਵਿੱਚ ਰੱਖੇ ਜਾਣ, ਕਿਸੇ ਵੀ ਅਣਸੁਖਾਵੀ ਦੁਰਘਟਨਾ ਦੀ ਸਾਰੀ ਜ਼ਿੰਮੇਵਾਰੀ ਸਬੰਧਤ ਸਕੂਲ ਦੀ ਹੋਵੇਗੀ।
5. ਅਗਲੇ ਸਾਲ 2022-23 ਦੀ ਇੰਸਪੈਕਸ਼ਨ ਕਰਾਉਣੀ ਯਕੀਨੀ ਬਣਾਈ ਜਾਵੇ।

ਨੱਥੀ: ਸਰਟੀਫਿਕੇਟ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ,
ਮੋਗਾ।

ਪਿੰਠ ਅੰਕਣ ਨੰਬਰ: ਮਿਤੀ:
ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਭਤੇਮ ਸ਼ਾਖਾ, ਮੋਗਾ ਜੀ ਨੂੰ ਉਨ੍ਹਾਂ ਦੇ ਪੱਤਰ ਨੰ: 869 ਮਿਤੀ 10.06.2021 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ,
ਮੋਗਾ।

CS Scanned with CamScanner